ਅਤਿ ਜ਼ਰੂਰੀ

ਮਿਤੀ ਬੱਧ

ਪੰਜਾਬ ਸਰਕਾਰ
ਆਮ ਰਾਜ ਪ੍ਰਬੰਧ ਵਿਭਾਗ
(ਸਕੱਤਰੇਤ ਲੇਖਾ-2 ਸ਼ਾਖਾ)

ਵਿਸ਼ਾ: ਵਿੱਤੀ ਸਾਲ 2012-13 ਦੌਰਾਨ ਤਨਖਾਹ ਵਿਚੋਂ ਆਮਦਨ ਕਰ ਦੀ ਕਟੌਤੀ ਬਾਰੇ।

ਪੰਜਾਬ ਸਿਵਲ ਸਕੱਤਰੇਤ ਦੇ ਸਮੂਹ ਪ੍ਰਿੰਸੀਪਲ ਸਕੱਤਰ, ਸਕੱਤਰ, ਵਿਸ਼ੇਸ਼ ਸਕੱਤਰ ਵਧੀਕ ਸਕੱਤਰ, ਸੰਯੁਕਤ ਸਕੱਤਰ, ਵਿਸ਼ੇਸ਼ ਕਾਰਜ ਅਫਸਰ, ਉਪ ਸਕੱਤਰ, ਅਧੀਨ ਸਕੱਤਰ, ਸੀਨੀਅਰ ਵਿਸ਼ੇਸ਼ ਸਕੱਤਰ ਮੰਤਰੀ, ਵਿਸ਼ੇਸ਼ ਸਕੱਤਰ ਮੰਤਰੀ, ਸਕੱਤਰ ਮੰਤਰੀ, ਸੁਪਰਡੰਟ ਗ੍ਰੇਡ-1, ਨਿੱਜੀ ਸਕੱਤਰ, ਸੁਪਰਡੰਟ ਗ੍ਰੇਡ-2 ਅਤੇ ਨਿੱਜੀ ਸਹਾਇਕ ਕਿਰਪਾ ਕਰਕੇ ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨ ਜੀ।

2. ਵਿੱਤੀ ਸਾਲ 2012-13 ਲਈ ਸਮੂਹ ਅਧਿਕਾਰੀਆਂ/ਕਰਮਚਾਰੀਆਂ ਦੀ ਆਮਦਨ ਉਤੇ ਬਣਦਾ ਆਮਦਨ ਕਰ ਉਨ੍ਹਾਂ ਦੀ ਤਨਖਾਹ ਵਿਚੋਂ ਨਿਯਮਤ ਤੌਰ ਤੇ ਕੱਟ ਕੇ ਆਮਦਨ ਕਰ ਵਿਭਾਗ ਕੋਲ ਜਮ੍ਹਾਂ ਕਰਾਉਣਾ ਸਬੰਧਤ ਡੀ.ਡੀ.ਓ. ਦੀ ਜਿਮੇਵਾਰੀ ਹੈ। ਇਸ ਲਈ ਬੇਨਤੀ ਹੈ ਕਿ ਉਹ ਆਪਣੀ ਅਤੇ ਆਪਣੇ ਅਧੀਨ ਕੰਮ ਕਰ ਰਹੇ ਕਰਮਚਾਰੀ ਜਿਨ੍ਹਾਂ ਦੀ ਸਾਲ 2012-13 ਵਿਚ ਕੁੱਲ ਤਨਖਾਹ ਅਤੇ ਹੋਰ ਵਸੀਲਿਆਂ ਤੋਂ ਆਮਦਨ 2,00,000/- ਤੋਂ ਵੱਧ ਹੈ, ਉਹ ਨਾਲ ਨੱਥੀ ਕੀਤੇ ਪ੍ਰੋਫਾਰਮੇ ਵਿਚ ਦਿੱਤੀਆਂ ਜਾ ਰਹੀਆਂ ਟੈਕਸ ਰਲੀਫ ਯੋਗ ਬੱਚਤਾਂ ਦੀ ਸੂਚਨਾ ਪੰਜਾਬ ਸਿਵਲ ਸਕੱਤਰੇਤ ਲੇਖਾ-1 ਅਤੇ ਲੇਖਾ-2 ਸ਼ਾਖਾ (ਜਿੱਥੇ ਉਨ੍ਹਾਂ ਦੀ ਤਨਖਾਹ ਬਣਦੀ ਹੋਵੇ) ਵਿਚ ਮਿਤੀ 15.09.2012 ਤੱਕ ਹਰ ਹਾਲਤ ਵਿਚ ਭੇਜ ਦੇਣ, ਤਾਂ ਜੋ ਉਸ ਅਨੁਸਾਰ ਬਣਦਾ ਵਿੱਤੀ ਸਾਲ 2012-13 ਲਈ ਆਮਦਨ ਕਰ ਕੈਲਕੁਲੇਟ ਕਰਕੇ ਬਰਾਬਰ ਕਿਸ਼ਤਾਂ ਵਿਚ ਕੱਟਿਆ ਜਾ ਸਕੇ।

ਜੀ.ਪੀ.ਐਫ. ਸਬਸਕ੍ਰਿਪਸ਼ਨ ਵਿਚ ਇਸ ਵਿੱਤੀ ਸਾਲ 2012-13 ਲਈ ਜੇਕਰ ਕੋਈ ਅਧਿਕਾਰੀ/ਕਰਮਚਾਰੀ ਤਬਦੀਲ ਕਰਵਾਉਣਾ ਚਾਹੁੰਦਾ ਹੈ ਤਾਂ ਉਹ ਮਾਰਚ ਅਤੇ ਅਕਤੂਬਰ ਮਹੀਨਿਆਂ ਦੀ ਤਨਖਾਹ ਤੋਂ ਹੀ ਕਰਵਾਈ ਜਾ ਸਕਦੀ ਹੈ। ਇਸ ਸਬੰਧੀ ਲੋੜੀਂਦੀ ਸੂਚਨਾ ਭੇਜਣ ਲਈ ਇਨ੍ਹਾਂ ਮਹੀਨਿਆਂ ਦੀ 10 ਤਾਰੀਖ ਤੱਕ ਭੇਜਣੀ ਲਾਜਮੀ ਹੋਵੇਗੀ। ਮਿੱਥੀ ਮਿਤੀ ਤੱਕ ਲੋੜੀਂਦੀ ਸੂਚਨਾ ਪ੍ਰਾਪਤ ਨਾ ਹੋਣ ਦੀ ਸੂਰਤ ਵਿਚ ਬਣਦਾ ਆਮਦਨ ਕਰ ਅਧਿਕਾਰੀ/ਕਰਮਚਾਰੀ ਦੀ ਤਨਖਾਹ ਵਿਚੋਂ ਹਰ ਮਹੀਨੇ ਔਸਤ ਦਰ ਨਾਲ ਬਰਾਬਰ ਕਿਸ਼ਤਾਂ ਵਿਚ ਕੱਟ ਲਿਆ ਜਾਵੇਗਾ, ਜਿਸ ਦੀ ਕਟੌਤੀ ਕਰਨਾ ਆਮਦਨ ਕਰ ਐਕਟ ਅਨੁਸਾਰ ਡੀ.ਡੀ.ਓ. ਦੀ ਜਿਮੇਵਾਰੀ ਹੈ। <u>ਮਿੱਥੀ ਗਈ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਪ੍ਰੋਫਾਰਮਿਆਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ।</u> ਇਸ ਲਈ ਸਬੰਧਤ ਅਧਿਕਾਰੀ/ਕਰਮਚਾਰੀ ਸਮੇਂ ਸਿਰ ਸੂਚਨਾ ਭੇਜਣ ਤਾਂ ਜੋ ਬਣਦੇ ਆਮਦਨ ਕਰ ਦੀ ਕਟੌਤੀ ਸਮੇਂ ਸਿਰ ਅਤੇ ਸਹੀ ਢੰਗ ਨਾਲ ਉਨ੍ਹਾਂ ਦੀ ਤਨਖਾਹ ਵਿਚੋਂ ਕੀਤੀ ਜਾ ਸਕੇ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ ਜੀ।

ਅਧੀਨ ਸਕੱਤਰ ਲੇਖਾ

ਸੇਵਾ ਵਿਖੇ,

ਪੰਜਾਬ ਸਿਵਲ ਸਕੱਤਰੇਤ ਦੇ ਸਮੂਹ ਪ੍ਰਿੰਸੀਪਲ ਸਕੱਤਰ,
ਸਕੱਤਰ, ਵਿਸ਼ੇਸ਼ ਸਕੱਤਰ, ਵਧੀਕ ਸਕੱਤਰ, ਸੰਯੁਕਤ ਸਕੱਤਰ,
ਉਪ-ਸਕੱਤਰ, ਅਧੀਨ ਸਕੱਤਰ, ਪੰਜਾਬ ਸਰਕਾਰ ਅਤੇ ਸੀਨੀ:
ਵਿਸ਼ੇਸ਼ ਸਕੱਤਰ ਮੰਤਰੀ, ਵਿਸ਼ੇਸ਼ ਸਕੱਤਰ ਮੰਤਰੀ, ਸਕੱਤਰ ਮੰਤਰੀ,
ਨਿੱਜੀ ਸਕੱਤਰ ਮੰਤਰੀ, ਵਿਸ਼ੇਸ਼ ਕਾਰਜ ਅਫਸਰ, ਸੁਪਰਡੰਟ ਗ੍ਰੇਡ-1,
ਨਿੱਜੀ ਸਕੱਤਰ, ਸੁਪਰਡੰਟ ਗ੍ਰੇਡ-2 ਅਤੇ ਨਿੱਜੀ ਸਹਾਇਕ।

ਅੰ:ਵਿ:ਪੱ:ਨੰ: 1/12/2011/3ਲੇ2/10868 ਮਿਤੀ, ਚੰਡੀਗੜ੍ਹ: 17.8.12

<u>ਕਾਪੀ</u>

ਸੁਪਰਡੰਟ ਲੇਖਾ-1 ਸ਼ਾਖਾ

# SAVING PROFORMA OF INCOME TAX CALCULATION FOR QUARTERLY RETURN

**Financial Year 2012-13** **Assessment Year 2013-14**

1. Name of the Employee : ________________ S/o. D/o ________________
2. Designation : ________________________ Branch __________________
3. Date of Birth : ________________________ PAN No. ________________
4. Residential Address : _________________ Ph. No. ________________

## REBATE

1. Do you want to get the benefit of HRA from salary u/s 10 (13-A) Yes ___ No ___

## INCOME FROM OTHER SOURCE

2. Do you have income from other sources, if yes please mention
   (i) Interest on NSC, NSS, F.D, Bank and loan to friends & relatives : Rs. ............
   (ii) Family pension Rs. ............
   (iii) Income from House Property Rs. ............

## DEDUCTIONS FROM SALARY

3. Do you want to avail the rebate on HBL interest? Yes___ No ____
   If yes, please mention the amount of interest (approximately) Rs. ....................

4. Do you want to avail the rebate for handicapped dependent or yourself being handicapped u/s 88DD and 80U Yes _____ No _____

   Disability Rs. 50,000 _____ Severe Disability Rs. 1,00,000 _____

5. Do you want to deduct Entire amount of interest paid on a loan taken for higher Education U/s 80E, Yes _____ No _____
   please mention the amount of interest (approximately) if yes Rs. ......................

6. Have you donated to relief funds u/s 80G; Yes _____ No _____
   Please mention the amount of donation, if yes
   (attach the documentary proof) Rs. ..........................

## SAVINGS UNDER SECTION 80C & 80CCF

7 Maximum savings u/s 80C is Rs. 1,00,000/- and 80CCF is Rs. 20,000/- How much saving will you make for the assessment year 2013-14
Please mention the amount Rs. ...........................
(Includes GPF, GIS, LIC HBL Installment, New NSC, ICICI Bonds, Tuitions Fee.
(Jeevan Suraksha Plan, etc.)

**Signature of Employee ..........................**

Note : All columns are mandatory

## For Salary Section

| | | | |
|---|---|---|---|
| Total Salary | Rs................ | Tax Due | Rs.................... |
| Less HRA | Rs................ | Edu. Cess @ 3% | Rs.................... |
| Income from other sources | Rs................ | Total Tax | Rs.................... |
| Gross Total Incomes | Rs................ | Three Months Salary | Rs.................... |
| Saving u/s 80C | Rs................ | Tax to be deducted per month | Rs............ |
| Total Taxable Income | Rs................ | | |

Dealing Hand ........................................ Superintendent A/C-I...........................